# ਪੰਜਾਬ ਸਟੇਟ ਮਿਡ ਡੇ ਮੀਲ ਸੋਸਾਇਟੀ

ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਪੰਜਵੀਂ ਮੰਜਿਲ, ਜ਼ਿਲ੍ਹਾ ਐਸ.ਏ.ਐਸ. ਨਗਰ (ਮੋਹਾਲੀ).

ਫੋਨ ਨੰ :0172-5212307,2210019

E-mail-id-mdmpunjab@punjabeducation.gov.in

ਵੱਲ,

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਐ.ਸਿ.)
ਪੰਜਾਬ।

ਮੀਮੋ ਨੰ.ਐਮ.ਡੀ.ਐਮ.ਐਸ./ਜੀ.ਐਮ./2024/306808
ਮਿਤੀ 28/11/2024

ਵਿਸ਼ਾ:- **ਸਕੂਲਾਂ ਵਿੱਚ ਦੁਪਹਿਰ ਦਾ ਭੋਜਨ ਹਫਤਾਵਾਰੀ ਮੀਨੂੰ ਅਨੁਸਾਰ ਦੇਣ ਸਬੰਧੀ।**

ਦਫਤਰ ਦੇ ਧਿਆਨ ਵਿੱਚ ਆਇਆ ਹੈ ਕਿ ਸਕੂਲਾਂ ਵਿੱਚ ਦੁਪਹਿਰ ਦਾ ਭੋਜਨ ਮੀਨੂੰ ਅਨੁਸਾਰ ਨਹੀਂ ਬਣਾਇਆ ਜਾਂਦਾ, ਵਿਦਿਆਰਥੀਆਂ ਨੂੰ ਮੌਸਮੀ ਫਲ ਤੋਂ ਵਾਂਝਾ ਰੱਖਿਆ ਜਾਂਦਾ ਹੈ ਅਤੇ ਵਿਦਿਆਰਥੀਆਂ ਦੀ ਬੋਗਸ/ਜਾਅਲੀ ਹਾਜਰੀ ਦਿਖਾਈ ਜਾਂਦੀ ਹੈ, ਜਦੋਂ ਕਿ ਸਮੇਂ ਸਮੇਂ ਤੇ ਵਿਦਿਆਰਥੀਆਂ ਦੀ ਹਾਜਰੀ ਮੁਤਾਬਕ ਨਿਰਧਾਰਤ ਹਫਤਾਵਾਰੀ ਮੀਨੂੰ ਅਨੁਸਾਰ ਮਿਡ ਡੇ ਮੀਲ ਬਣਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ।

2.0 ਆਪ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੀ ਗਿਣਤੀ ਮੁਤਾਬਕ ਨਿਰਧਾਰਤ ਹਫਤਾਵਾਰੀ ਮੀਨੂੰ ਅਨੁਸਾਰ ਸਕੂਲਾਂ ਵਿੱਚ ਮਿਡ ਡੇ ਮੀਲ ਬਣਾਉਣਾ ਯਕੀਨੀ ਬਣਾਇਆ ਜਾਵੇ, ਜੇਕਰ ਕਿਸੇ ਸਕੂਲ ਵਿੱਚ ਹਦਾਇਤਾਂ ਦੀ ਉਲੰਘਣਾ ਪਾਈ ਗਈ ਤਾਂ ਉਸਦੀ ਨਿਰੋਲ ਜਿੰਮੇਵਾਰੀ ਸਕੂਲ ਮੁੱਖੀ ਦੀ ਹੋਵੇਗੀ।

ਜਨਰਲ ਮੈਨੇਜਰ

**ਪਿੱ.ਅੰ.ਨੰ.ਐਮ.ਡੀ.ਐਮ.ਐਸ./ਜੀ.ਐਮ./2024/ 306809** **ਮਿਤੀ 28/11/2024**

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ/ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਸਮੂਹ ਉੱਪ ਜਿਲ੍ਹਾ ਸਿੱਖਿਆ ਅਫਸਰ (ਐ.ਸਿ.)
2) ਸਮੂਹ ਸਹਾਇਕ ਬਲਾਕ ਮੈਨੇਜਰ/ਮਿਡ ਡੇ ਮੀਲ ਇੰਚਾਰਜ

ਜਨਰਲ ਮੈਨੇਜਰ

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ

ਪਿਠ ਅੰਕਣ ਨੰ :ਜੀ-1/1 ( )2024/ 1207 ਮਿਤੀ: 02.12.24

ਵਿਸ਼ਾ ਅੰਕਿਤ ਪੱਤਰ ਅਨੁਸਾਰ ਸਮੂਹ ਸਕੂਲ ਮੁਖੀਆਂ ਨੂੰ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

ਉਪ ਜ਼ਿਲਾ ਸਿੱਖਿਆ ਅਫ਼ਸਰ (ਸੈ.ਸਿ.)
ਬਠਿੰਡਾ
02.12.24

## Weekly Menu is as under:-

| S.No. | Day | Menu |
|---|---|---|
| 1 | Monday | Dal (Seasonal vegetables) and Chapatti |
| 2 | Tuesday | Rajmah, Rice and Kheer |
| 3 | Wednesday | Black Channe/white channe (mixed with potato) and Puri/ Chapatti |
| 4. | Thursday | Karhi (mixed with Potato and Onion Pakoras) and Rice |
| 5 | Friday | Seasonal Vegetable and Chapatti |
| 6. | Saturday | Dal Mah Channe and Rice and Seasonal Fruit |

**Note:-** **In addition to the regular menu "Kheer" as sweet dish should be given on Tuesday**

## ਮਿਡ ਡੇ ਮੀਲ ਦਾ ਮੀਨੂੰ

| ਲੜੀ ਨੰ. | ਦਿਨ | ਮੀਨੂੰ |
|---|---|---|
| 1 | ਸੋਮਵਾਰ | ਦਾਲ (ਮੌਸਮੀ ਸਬਜ਼ੀਆਂ ਮਿਲਾ ਕੇ) ਅਤੇ ਰੋਟੀ |
| 2 | ਮੰਗਲਵਾਰ | ਰਾਜਮਾਹ. ਚਾਵਲ ਅਤੇ ਖੀਰ |
| 3 | ਬੁੱਧਵਾਰ | ਕਾਲੇ ਚਨੇ/ਚਿੱਟੇ ਚਨੇ (ਆਲੂ ਮਿਲਾ ਕੇ) ਅਤੇ ਪੂਰੀ/ਰੋਟੀ |
| 4 | ਵੀਰਵਾਰ | ਕੜ੍ਹੀ (ਆਲੂ ਅਤੇ ਪਿਆਜ ਦੇ ਪਕੌੜਿਆਂ ਸਮੇਤ) ਅਤੇ ਚਾਵਲ |
| 5 | ਸ਼ੁੱਕਰਵਾਰ | ਮੌਸਮੀ ਸਬਜ਼ੀ ਅਤੇ ਰੋਟੀ |
| 6 | ਸ਼ਨੀਵਾਰ | ਮਾਹ ਛੋਲਿਆਂ ਦੀ ਦਾਲ ਅਤੇ ਚਾਵਲ ਅਤੇ ਮੌਸਮੀ ਫਲ |

ਸਕੂਲਾਂ ਵਿੱਚ ਹਫ਼ਤੇ ਦੌਰਾਨ ਮੰਗਲਵਾਰ ਵਾਲੇ ਦਿਨ ਮਿਡ ਡੇ ਮੀਲ ਦੇ ਖਾਣੇ ਨਾਲ ਸਵੀਟਡਿਸ਼ ਦੇ ਤੌਰ ਤੇ ਖੀਰ ਦਿੱਤੀ ਜਾਵੇ।

**ਨੋਟ:-**

**ੳ)** ਮੀਨੂੰ ਵਿੱਚ ਹਰ ਹਫਤੇ ਬਦਲ ਕੇ ਦਾਲ ਬਣਾਈ ਜਾਵੇ ਭਾਵ ਇੱਕ ਹੀ ਦਾਲ Repeat ਨਾ ਕੀਤੀ ਜਾਵੇ।

**ਅ)** **ਤਿੱਥੀ ਭੋਜਨ ਸਬੰਧੀ**

ਪਿੰਡ ਦੇ ਸਰਪੰਚ, ਦਾਨੀ ਸੱਜਣ ਜਾਂ ਹੋਰ ਪੱਤਵਤੇ ਸੱਜਣਾ ਦੇ ਸਹਿਯੋਗ ਨਾਲ ਕਿਸੇ ਵੀ ਵਿਸ਼ੇਸ਼ ਸਮਾਰੋਹ, ਵਿਸ਼ੇਸ਼ ਦਿਨ ਜਾਂ ਤਿਉਹਾਰ ਤੇ ਕੋਈ ਸਪੈਸ਼ਲ ਭੋਜਨ, ਫਲ ਜਾਂ ਕੋਈ ਹੋਰ ਮਠਿਆਈ ਆਦਿ ਵਿਦਿਆਰਥੀਆਂ ਨੂੰ ਦੁਪਹਿਰ ਦੇ ਭੋਜਨ ਦੇ ਨਾਲ ਦੇਣ ਸਬੰਧੀ ਉਪਰਾਲੇ ਕੀਤੇ ਜਾਣ।

General Manager,
Punjab Mid-Day-Meal Society,
PSEB Building, E-Block, Phase-8,
Sahibzada Ajit Singh Nagar.